ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com


Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 16 ਨਵੰਬਰ 2026 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਵੱਲੋਂ ਜਨਗਣਨਾ-2027 ਦੀ ਸਵੈ-ਗਣਨਾ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ

ਵਰਲਡ ਪੰਜਾਬੀ ਟਾਈਮਜ਼
ਟਿਊ ਕੁਮਾਰ



ਫ਼ਰੀਦਕੋਟ, 16 ਨਵੰਬਰ : ਐਮ.ਐਲ.ਏ ਫ਼ਰੀਦਕੋਟ ਸ.ਗੁਰਦਿੱਤ ਸਿੰਘ ਸੇਖੋਂ ਨੇ ਜਨਗਣਨਾ-2027 ਤਹਿਤ ਸ਼ੁਰੂ ਕੀਤੀ ਗਈ ਸਵੈ-ਗਣਨਾ (ਸੈਲਫ ਇਨਿਊਮਰੇਸ਼ਨ) ਮੁਹਿੰਮ ਵਿੱਚ ਖੁਦ ਸ਼ਮੂਲੀਅਤ ਕਰਦਿਆਂ ਲੋਕਾਂ ਨੂੰ ਵੀ ਇਸ ਪ੍ਰਕਿਰਿਆ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ। ਉਨ੍ਹਾਂ ਫਰੀਦਕੋਟ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਇਸ ਸਹੂਲਤ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ।

ਹਲਕਾ ਵਿਧਾਇਕ ਨੇ ਕਿਹਾ ਕਿ ਜਨਗਣਨਾ-2027 ਦੀ ਸਵੈ-ਗਣਨਾ 16 ਨਵੰਬਰ ਤੋਂ 30 ਨਵੰਬਰ ਤੱਕ ਸਰਕਾਰ ਵੱਲੋਂ ਆਨਲਾਈਨ ਪੋਰਟਲ ਖੋਲਿਆ ਗਿਆ ਹੈ। ਜਿਸ ਤਹਿਤ ਲੋਕ ਪੋਰਟਲ https://se.census.gov.in/ 'ਤੇ ਲਾਗਇਨ ਕਰਕੇ ਆਪਣੀ ਅਤੇ ਆਪਣੇ ਪਰਿਵਾਰ ਦੀ ਜਾਣਕਾਰੀ ਖੁਦ ਭਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਪ੍ਰਕਿਰਿਆ ਨਾਲ ਲੋਕਾਂ ਨੂੰ ਆਪਣੀ ਜਾਣਕਾਰੀ ਸਹੀ ਅਤੇ ਸੁਵਿਧਾਜਨਕ ਢੰਗ ਨਾਲ ਦਰਜ ਕਰਨ ਦਾ ਮੌਕਾ ਮਿਲੇਗਾ। ਜਿਸ ਰਾਹੀਂ ਨਾਗਰਿਕ ਆਪਣੀ ਸਾਰੀ ਜਾਣਕਾਰੀ ਸਾਂਝੀ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਤੋ ਬਾਅਦ 1 ਦਸੰਬਰ 2026 ਤੋਂ 4 ਜਨਵਰੀ 2027 ਤੱਕ ਜਨਗਣਨਾ ਕਰਮਚਾਰੀ ਘਰ-ਘਰ ਜਾ ਕੇ ਜਾਣਕਾਰੀ ਇਕੱਤਰ ਕਰਨਗੇ। ਉਨ੍ਹਾਂ ਫਰੀਦਕੋਟ ਵਾਸੀਆਂ ਨੂੰ ਅਪੀਲ ਕੀਤੀ ਕਿ ਲੋਕ ਵੱਧ ਤੋਂ ਵੱਧ ਇਸ ਸਹੂਲਤ ਦਾ ਲਾਭ ਲੈਣ।


ਉਨ੍ਹਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਜਿੰਨੀ ਵੀ ਜਨਗਣਨਾ ਹੋਵੇਗੀ, ਉਸ ਦੇ ਆਧਾਰ ਤੇ ਹੀ ਸਾਡੇ, ਸਕੂਲ, ਹਸਪਤਾਲ ਅਤੇ ਸੜਕਾਂ ਦਾ ਜੋ ਵੀ ਵਿਕਾਸ ਹੋਵੇਗਾ, ਉਹ ਸਾਡੀ ਜਣਗਣਨਾ ਤੇ ਹੀ ਨਿਰਭਰ ਹੋਵੇਗਾ। ਉਨ੍ਹਾਂ ਸਮੂਹ ਜਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੀ ਸਹੀ ਜਾਣਕਾਰੀ ਦਿੱਤੀ ਜਾਵੇ। ਆਪਣੇ ਆਂਢ-ਗੁਆਂਢ ਨੂੰ ਵੀ ਇਸ ਬਾਰੇ ਦੱਸਿਆ ਜਾਵੇ, ਤਾਂ ਜੋ ਹਰੇਕ ਨਾਗਰਿਕ ਆਪਣੀ ਜਾਣਕਾਰੀ ਪੋਰਟਲ ਰਾਹੀਂ ਸਾਂਝੀ ਕਰ ਸਕੇ ਅਤੇ ਕੋਈ ਵਾਂਝਾ ਨਾ ਰਹਿ ਸਕੇ।

ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਖ਼ਾਸ ਅਪੀਲ ਕਰਦਿਆਂ ਕਿਹਾ ਕਿ ਜਦੋਂ ਮਾਂ-ਬੋਲੀ ਸਬੰਧੀ ਜਾਣਕਾਰੀ ਭਰਨ ਸਮੇਂ ਪੰਜਾਬੀ ਨੂੰ ਆਪਣੀ ਮਾਂ-ਬੋਲੀ ਵਜੋਂ ਜ਼ਰੂਰ ਦਰਜ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬੀ ਸਾਡੀ ਪਛਾਣ ਅਤੇ ਸੱਭਿਆਚਾਰਕ ਵਿਰਾਸਤ ਦਾ ਅਟੁੱਟ ਹਿੱਸਾ ਹੈ ਅਤੇ ਇਸਦੀ ਸਹੀ ਦਰਜਾਬੰਦੀ ਸਾਡੀ ਭਾਸ਼ਾ ਦੀ ਮਜ਼ਬੂਤੀ ਲਈ ਬਹੁਤ ਜ਼ਰੂਰੀ ਹੈ।

ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਛੇ ਸ਼ਹੀਦ ਸਾਥੀਆਂ ਬਾਰੇ ਸਚਿੱਤਰ ਕਿਤਾਬਚਾ ਲੋਕ ਅਰਪਣ

ਸ਼ਹੀਦ ਸਾਨੂੰ ਪੁੱਛਦੇ ਹਨ ਕਿ ਕਿਸ ਲਈ ਸਨ ਅਸਾਂ ਜਾਨਾਂ ਵਾਰੀਆਂ?

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 16 ਨਵੰਬਰ : ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੇ ਮਹਾਨ ਅਤੇ ਸਭ ਤੋਂ ਛੋਟੀ ਉਮਰ ਦੇ ਇਨਕਲਾਬੀ ਸੂਰਮੇ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਨਾਲ ਅੱਜ ਦੇ ਦਿਨ ਹੀ ਸੈਂਟਰਲ ਜੇਲ੍ਹ ਲਾਹੌਰ ਵਿੱਚ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿੱਚ ਫਾਂਸੀ ਚੜ੍ਹੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ, ਭਾਈ ਹਰਨਾਮ ਸਿੰਘ ਸਿਆਲਕੋਟੀ, ਭਾਈ ਜਗਤ ਸਿੰਘ ਸੁਰ ਸਿੰਘ, ਪਿੰਡ ਗਿੱਲਵਾਲੀ (ਅੰਮ੍ਰਿਤਸਰ) ਵਾਸੀ ਭਾਈ ਸੁਰੈਣ ਸਿੰਘ ਵੱਡਾ, ਭਾਈ ਸੁਰੈਣ ਸਿੰਘ ਛੋਟਾ ਤੇ ਭਾਈ ਬਖਸ਼ੀਸ਼ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਸ਼ਰਧਾਂਜਲੀ ਸਭਾ ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਕੀਤੀ ਗਈ।

ਇਸ ਮੌਕੇ ਸੱਤ ਸ਼ਹੀਦਾਂ ਨੂੰ ਸਮਰਪਿਤ ਕਿਤਾਬਚਾ ਪ੍ਰੋ. ਗੁਰਭਜਨ ਸਿੰਘ ਗਿੱਲ, ਗੁਰਦਾਸਪੁਰ ਤੋਂ ਆਏ ਉੱਘੇ ਲੇਖਕ ਸ. ਮੱਖਣ ਸਿੰਘ ਕੋਹਾੜ, ਗੁਰਮੀਤ ਸਿੰਘ ਬਾਜਵਾ ਕਲਾਨੌਰ, ਪ੍ਰੋ. ਜੈਪਾਲ ਸਿੰਘ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਨਿਰਵਿਰੋਧ ਚੁਣੀ ਗਈ ਅਹੁਦੇਦਾਰ ਤੇ ਪੰਜਾਬੀ ਕਵਿੱਤਰੀ ਪ੍ਰੋ. ਸੁਰਿੰਦਰ ਜੈਪਾਲ ਵੱਲੋਂ ਲੋਕ ਅਰਪਨ ਕੀਤਾ ਗਿਆ। ਇਹ ਕਿਤਾਬਚਾ ਗੁਰੂ ਹਰਗੋਬਿੰਦ ਖ਼ਾਲਸਾ ਕਾਲਿਜ ਗੁਰੂਸਰ ਸਧਾਰ ਵਿੱਚ ਇਤਿਹਾਸ ਦੇ ਪ੍ਰੋਫ਼ੈਸਰ ਡਾ. ਬਲਜੀਤ ਸਿੰਘ ਵਿਰਕ ਨੇ ਲਿਖਿਆ ਹੈ।

ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਇੱਕ ਸਦੀ ਤੋਂ ਵੱਧ ਸਮਾਂ ਪਹਿਲਾਂ ਸਾਡੀ ਸਰਬਪੱਖੀ ਆਜ਼ਾਦੀ ਖਾਤਰ ਸ਼ਹੀਦ ਹੋਏ ਸੂਰਮੇ ਸਾਨੂੰ ਪੁੱਛਦੇ ਹਨ ਕਿ ਅਸਾਂ ਏਸ ਆਜ਼ਾਦੀ ਲਈ ਜਾਨਾਂ ਵਾਰੀਆਂ ਸਨ? ਸ਼ਾਇਦ ਨਹੀਂ। ਹਰ ਮਨੁੱਖ ਲਈ ਵਿਕਾਸ ਦੇ ਬਰਾਬਰ ਮੌਕੇ ਪੈਦਾ ਕਰਨਾ ਸਾਡਾ ਮਿਸ਼ਨ ਸੀ ਪਰ ਉਹ ਸੁਪਨੇ ਕਿੱਧਰ ਗਏ? ਵਰਤਮਾਨ ਜਵਾਨੀ ਨੂੰ ਏਧਰ ਧਿਆਨ ਦੇਣ ਦੀ ਲੋੜ ਹੈ।

ਦਾਦਾ ਜੀ ਸ. ਬਦਨ ਸਿੰਘ ਗਰੇਵਾਲ ਨੇ ਆਪ ਨੂੰ ਏਅਰੋਨਾਟੀਕਲ ਇੰਜਨੀਰਿੰਗ ਤੇ ਕੈਮਿਸਟਰੀ ਦੀ ਉਚੇਰੀ ਸਿੱਖਿਆ ਲਈ ਅਮਰੀਕਾ ਦੀ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਬਰਕਲੇ ਵਿਖੇ ਪੜ੍ਹਨ ਭੇਜਿਆ ਪਰ ਏਥੇ ਪੜ੍ਹਦਿਆਂ ਆਪ ਦਾ ਸਬੰਧ ਇਸ ਯੂਨੀਵਰਸਿਟੀ ਦੇ ਇਨਕਲਾਬੀ ਸੋਚ ਧਾਰਨੀ ਪ੍ਰੋਫ਼ੈਸਰ ਲਾਲਾ ਹਰਦਿਆਲ ਜੀ ਨਾਲ ਹੋ ਗਿਆ ਅਤੇ ਉਨ੍ਹਾਂ ਰਾਹੀਂ ਦੇਸ਼ ਭਗਤ ਸੂਰਬੀਰਾਂ ਬਾਬਾ ਜਵਾਲਾ ਸਿੰਘ,ਬਾਬਾ ਵਸਾਖਾ ਸਿੰਘ ਤੇ ਬਾਬਾ ਸੋਹਣ ਸਿੰਘ ਭਕਨਾ ਨਾਲ ਸੰਪਰਕ ਹੋ ਗਿਆ।

ਇਹੀ ਸਾਥ ਗ਼ਦਰ ਲਹਿਰ ਦਾ ਆਧਾਰ ਬਣਿਆ। ਗ਼ਦਰ ਪਾਰਟੀ ਦੇ ਉਹ ਸਭ ਤੋਂ ਛੋਟੀ ਉਮਰ ਦੇ ਮੈਂਬਰ ਸਨ। ਪ੍ਰੋ. ਗਿੱਲ ਨੇ ਕਿਹਾ ਕਿ ਗਦਰ ਪਾਰਟੀ ਦੇ ਅਖਬਾਰ 'ਗ਼ਦਰ' ਅਖ਼ਬਾਰ ਦੀ ਛਪਾਈ, ਸੰਪਾਦਨ ਤੇ ਲਗਪਗ 70 ਮੁਲਕਾਂ ਵਿੱਚ ਅਖ਼ਬਾਰ ਭੇਜਣ ਵਿੱਚ ਵੀ ਆਪ ਨੇ ਅਹਿਮ ਭੂਮਿਕਾ ਨਿਭਾਈ। ਇਨ੍ਹਾਂ ਸਾਰੇ ਇਨਕਲਾਬੀਆਂ ਨੇ ਕਿਰਤ ਦੀ ਲੁੱਟ ਦੇ ਖਿਲਾਫ ਸੰਘਰਸ਼ ਕਰਨ ਦਾ ਫੈਸਲਾ ਕੀਤਾ। ਹਰ ਮਨੁੱਖ ਲਈ ਵਿਕਾਸ ਦੇ ਇੱਕੋ ਜਹੇ ਮੌਕੇ ਗਦਰ ਲਹਿਰ ਦਾ ਮੁੱਖ ਮਨੋਰਥ ਸੀ। ਮਨੁੱਖ ਦੀ ਸਮਾਜਿਕ, ਰਾਜਨੀਤਕ ਤੇ ਵਿਅਕਤੀਗਤ ਆਜ਼ਾਦੀ ਦਾ ਸੰਕਲਪ ਲੈ ਕੇ ਆਪ ਅੰਤਰ ਰਾਸ਼ਟਰੀ ਲਹਿਰਾਂ ਦੀ ਖੇਡ ਪੜਤਾਲ ਕਰਨ ਲੱਗ ਪਏ। ਬਦੇਸ਼ਾਂ ਵਿੱਚ ਰਹਿ ਕੇ ਦੇਸ਼ ਦੀ ਆਜ਼ਾਦੀ ਦੀ ਚਿੰਤਾ ਕਰਨ ਦੀ ਥਾਂ ਆਪ ਸਾਰਿਆਂ ਨੇ ਦੇਸ਼ ਪਰਤ ਕੇ ਸੰਘਰਸ਼ ਕਰਨ ਦਾ ਫੈਸਲਾ ਲਿਆ।

ਪ੍ਰੋ. ਜੈਪਾਲ ਸਿੰਘ ਨੇ ਕਿਹਾ ਕਿ ਮਨੁੱਖ ਦੇ ਸਰਬਪੱਖੀ ਵਿਕਾਸ ਲਈ ਬਰਾਬਰ ਮੌਕੇ ਮਿਲਦੇ ਤਾਂ ਸਮਾਜਿਕ ਅਫਰਾ ਤਫਰੀ ਵੀ ਘੱਟ ਹੋਣੀ ਸੀ। ਸਮਾਜਿਕ ਆਰਥਿਕ, ਰਾਜਨੀਤਕ ਤੇ ਵਿਅਕਤੀਗਤ ਵਿਕਾਸ ਲਈ ਗਦਰ ਪਾਰਟੀ ਦਾ ਬੁਨਿਆਦੀ ਅਹਿਦਨਾਮਾ ਅੱਜ ਵੀ ਓਨਾ ਹੀ ਸਾਰਥਕ ਹੈ।

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਹੁਦੇਦਾਰ ਤੇ ਪ੍ਰਸਿੱਧ ਕਵੀ ਮੱਖਣ ਸਿੰਘ ਕੋਹਾੜ ਨੇ ਕਿਹਾ ਕਿ ਜੰਗੇ ਆਜ਼ਾਦੀ ਦੇ ਸੂਰਮਿਆਂ ਦੀ ਤ੍ਰੈ ਲੜੀ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਤੇ ਸ਼ਹੀਦ ਊਧਮ ਸਿੰਘ ਆਪਸ ਵਿੱਚ ਜੁੜੇ ਹੋਏ ਹਨ।

ਗੁਰਮੀਤ ਸਿੰਘ ਬਾਜਵਾ ਅਤੇ ਪ੍ਰੋ. ਸੁਰਿੰਦਰ ਜੈਪਾਲ ਨੇ ਵੀ ਜੰਗੇ ਆਜ਼ਾਦੀ ਦੇ ਅੱਜ ਦੇ ਦਿਨ ਸ਼ਹੀਦ ਹੋਏ ਸੱਤ ਸੂਰਮਿਆਂ ਨੂੰ ਸ਼ਰਧਾਂਜਲੀ ਫੁੱਲ ਭੇਂਟ ਕੀਤੇ।

ਪਿੰਡ ਹਰੀ ਨੌਂ ਦੀਆਂ ਸੰਗਤਾਂ ਵੱਲੋਂ ਮੈਡੀਕਲ ਹਸਪਤਾਲ ਫਰੀਦਕੋਟ ਦੇ ਮਰੀਜ਼ਾਂ ਤੇ ਵਾਰਸਾਂ ਲਈ ਲੰਗਰ ਦੀ ਸੇਵਾ

ਵਰਲਡ ਪੰਜਾਬੀ ਟਾਈਮਜ਼
ਟਿਊ ਕੁਮਾਰ



ਕੋਟਕਪੂਰਾ, 16 ਨਵੰਬਰ : ਨੇੜਲੇ ਪਿੰਡ ਹਰੀ ਨੌਂ ਦੀਆਂ ਸੰਗਤਾਂ ਵੱਲੋਂ ਹਰ ਮਹੀਨੇ ਦੀ 14 ਤਰੀਕ ਨੂੰ ਗੁਰਦੁਆਰਾ ਸਾਹਿਬ ਮਾਤਾ ਖੀਵੀ ਜੀ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫਰੀਦਕੋਟ ਵਿਖੇ ਦਾਖ਼ਲ ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਸਾਂ ਲਈ ਲੰਗਰ ਭੇਜਿਆ ਜਾਂਦਾ ਹੈ। ਇਸੇ ਲੜੀ ਤਹਿਤ 14 ਨਵੰਬਰ ਨੂੰ ਪਿੰਡ ਦੀ ਵਾਰੀ ਅਨੁਸਾਰ ਮੱਲਾਂ ਪੱਤੀ ਦੇ ਗੁਰਦੀਪ ਸਿੰਘ ਦੇ ਸਪੁੱਤਰਾਂ ਤਰਲੋਚਨ ਸਿੰਘ (ਸਾਬਕਾ ਮੈਂਬਰ), ਸਿਕੰਦਰ ਸਿੰਘ ਅਤੇ ਕਿਸਾਨ ਆਗੂ ਗੁਰਤੇਜ ਸਿੰਘ ਦੇ ਪਰਿਵਾਰ ਵੱਲੋਂ ਦਾਲ-ਰੋਟੀ ਅਤੇ ਦਲੀਏ ਦੇ ਲੰਗਰ ਦੀ ਸੇਵਾ ਕਰਵਾਈ ਗਈ। ਪਿੰਡ ਦੀਆਂ ਮਾਈਆਂ-ਬੀਬੀਆਂ ਅਤੇ ਸੇਵਾਦਾਰਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਲੰਗਰ ਤਿਆਰ ਕਰਨ ਉਪਰੰਤ ਗੁਰਦੁਆਰਾ ਸਾਹਿਬ ਮਾਤਾ ਖੀਵੀ ਜੀ ਦੇ ਸੇਵਾਦਾਰਾਂ ਰਾਹੀਂ ਮੈਡੀਕਲ ਹਸਪਤਾਲ ਫਰੀਦਕੋਟ ਪਹੁੰਚਾਇਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਪ੍ਰਧਾਨ ਕੁਲਵੰਤ ਸਿੰਘ, ਮਾਸਟਰ ਗੇਜ ਰਾਮ ਭੋਰਾ, ਪ੍ਰਧਾਨ ਗੁਰਨੈਬ ਸਿੰਘ, ਡਾ. ਗੁਰਮੀਤ ਸਿੰਘ ਧਾਲੀਵਾਲ, ਮਹਿਮਾ ਸਿੰਘ ਅਤੇ ਬਸੰਤ ਸਿੰਘ ਸਮੇਤ ਹੋਰ ਸੇਵਾਦਾਰ ਵੀ ਹਾਜ਼ਰ ਸਨ।

ਪੁੱਤਰਾਂ ਵਾਂਗ ਧੀ ਦੇ ਜਨਮ ਦੀ ਵੀ ਮਨਾਈ ਗਈ ਖ਼ੁਸ਼ੀ

ਬਾਲ ਦਿਵਸ ਮੌਕੇ ਧੰਗੂੜਾ ਪਰਿਵਾਰ ਨੇ ਮਨਾਈ ਧੀ ਸੰਜੋਗ ਕੌਰ ਦੇ ਜਨਮ ਦੀ ਖ਼ੁਸ਼ੀ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ



ਐਡਮਿੰਟਨ, ਕੈਨੇਡਾ 16 ਨਵੰਬਰ : ਐਡਮਿੰਟਨ ਦੇ ਧੰਗੂੜਾ ਪਰਿਵਾਰ ਨੇ ਆਪਣੀ ਧੀ ਸੰਜੋਗ ਕੌਰ ਦੇ ਜਨਮ ਦੀ ਖ਼ੁਸ਼ੀ ਸੰਗਤ ਨਾਲ ਸਾਂਝੀ ਕਰਨ ਲਈ 14 ਨਵੰਬਰ ਨੂੰ ਬਾਲ ਦਿਵਸ ਦਾ ਦਿਨ ਚੁਣਿਆ। ਇਹ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਹੋਇਆ। ਪਰਿਵਾਰ ਵੱਲੋਂ ਇਸ ਮੌਕੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ ਅਤੇ ਵਾਹਿਗੁਰੂ ਅੱਗੇ ਸ਼ੁਕਰਾਨੇ ਦੀ ਅਰਦਾਸ ਕੀਤੀ ਗਈ। 29 ਸਤੰਬਰ 2026 ਨੂੰ ਜਨਮੀ ਸੰਜੋਗ ਕੌਰ, ਖੁਸ਼ਵੰਤ ਸਿੰਘ ਧੰਗੂੜਾ ਅਤੇ ਗੁਰਪ੍ਰੀਤ ਕੌਰ ਦੀ ਧੀ ਤੇ ਅਜੀਤ ਸਿੰਘ ਧੰਗੂੜਾ ਅਤੇ ਚਰਨਜੀਤ ਕੌਰ ਦੀ ਪੋਤਰੀ ਹੈ। ਨਿੱਕੀ ਸੰਜੋਗ ਕੌਰ ਦੇ ਆਉਣ ਦੀ ਖ਼ੁਸ਼ੀ ਉਸ ਦੀ ਵੱਡੀ ਭੈਣ ਰਬਾਬ ਕੌਰ ਨੇ ਵੀ ਪਰਿਵਾਰ ਨਾਲ ਸਾਂਝੀ ਕੀਤੀ। ਸਮਾਗਮ ਵਿੱਚ ਸੰਜੋਗ ਕੌਰ ਦੀਆਂ ਭੂਆ ਮਨਪ੍ਰੀਤ ਕੌਰ ਆਪਣੇ ਪਤੀ ਬਚਿੱਤਰ ਸਿੰਘ ਨਾਲ ਅਤੇ ਅਕਵਿੰਦਰ ਕੌਰ ਆਪਣੇ ਪਤੀ ਅਰਵਿੰਦਰ ਸਿੰਘ ਨਾਲ ਵਿਸ਼ੇਸ਼ ਤੌਰ 'ਤੇ ਪਹੁੰਚੀਆਂ।




ਇਸ ਮੌਕੇ ਸੰਸਦ ਮੈਂਬਰ ਜਗਸ਼ਰਨ ਸਿੰਘ ਮਾਹਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਕਾਰਜ ਸਿੰਘ ਔਲਖ, ਤੇਜਿੰਦਰਪਾਲ ਸਿੰਘ ਰਿਆੜ, ਕੇਵਲ ਸਿੰਘ ਬੱਲ, ਸੁਰਜੀਤ ਕੌਰ ਧਾਲੀਵਾਲ, ਪਾਰਸ ਮਹੀਨੀਆ, ਨਵਤੇਜ ਸਿੰਘ ਖੱਖ, ਹਰਦਿਆਲ ਸਿੰਘ ਅਤੇ ਅਦਬ ਟਰਾਂਸਪੋਰਟ ਦੇ ਖੁਸ਼ਪ੍ਰੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਰਿਸ਼ਤੇਦਾਰ, ਸਨੇਹੀ ਅਤੇ ਸੰਗਤ ਹਾਜ਼ਰ ਸਨ।

ਸਵੇਰੇ ਸੰਗਤ ਲਈ ਚਾਹ ਦਾ ਲੰਗਰ ਲਾਇਆ ਗਿਆ ਅਤੇ ਪਾਠ ਤੇ ਅਰਦਾਸ ਉਪਰੰਤ ਗੁਰੂ ਕਾ ਲੰਗਰ ਵਰਤਾਇਆ ਗਿਆ। ਸੰਗਤ ਅਤੇ ਰਿਸ਼ਤੇਦਾਰਾਂ ਨੇ ਧੰਗੂੜਾ ਪਰਿਵਾਰ ਨੂੰ ਧੀ ਦੇ ਜਨਮ ਦੀ ਵਧਾਈ ਦਿੱਤੀ ਅਤੇ ਵਾਹਿਗੁਰੂ ਅੱਗੇ ਸੰਜੋਗ ਕੌਰ ਦੀ ਤੰਦਰੁਸਤੀ ਤੇ ਖ਼ੁਸ਼ਹਾਲ ਜੀਵਨ ਲਈ ਕਾਮਨਾ ਕੀਤੀ।

ਡਾ. ਨੀਨਾ ਸਿੰਗਲਾ ਨੇ ਪੀ.ਏ.ਯੂ. (PAU) ਦੇ ਕਾਲਜ ਆਫ਼ ਬੇਸਿਕ ਸਾਇੰਸਿਜ਼ ਐਂਡ ਹਿਊਮੈਨਿਟੀਜ਼ ਦੇ ਡੀਨ ਵਜੋਂ ਅਹੁਦਾ ਸੰਭਾਲਿਆ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 16 ਨਵੰਬਰ : ਕੁਤਰਨ ਵਾਲੇ ਜਾਨਵਰਾਂ (rodents) ਅਤੇ ਉੱਚ ਵਰਗ ਦੇ ਰੀੜ੍ਹਧਾਰੀ ਜੀਵਾਂ (vertebrates) ਤੋਂ ਹੋਣ ਵਾਲੇ ਨੁਕਸਾਨ ਦੇ ਪ੍ਰਬੰਧਨ (pest management) ਦੇ ਖੇਤਰ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਮਾਹਰ, ਡਾ. ਨੀਨਾ ਸਿੰਗਲਾ ਨੇ 13 ਨਵੰਬਰ, 2026 ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ (PAU), ਲੁਧਿਆਣਾ ਦੇ 'ਕਾਲਜ ਆਫ਼ ਬੇਸਿਕ ਸਾਇੰਸਿਜ਼ ਐਂਡ ਹਿਊਮੈਨਿਟੀਜ਼' ਦੇ ਡੀਨ ਵਜੋਂ ਅਹੁਦਾ ਸੰਭਾਲਿਆ। ਪੀ.ਏ.ਯੂ. ਦੀ ਹੀ ਸਾਬਕਾ ਵਿਦਿਆਰਥਣ ਰਹੇ ਡਾ. ਸਿੰਗਲਾ ਨੇ ਇਸੇ ਯੂਨੀਵਰਸਿਟੀ ਤੋਂ ਜੀਵ-ਵਿਗਿਆਨ (Zoology) ਵਿੱਚ ਐਮ.ਐਸ.ਸੀ. (1992) ਅਤੇ ਪੀ.ਐਚ.ਡੀ. (1995) ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਆਪਣੀ ਪੀ.ਐਚ.ਡੀ. ਦੌਰਾਨ 'ਪੀ.ਏ.ਯੂ. ਮੈਰਿਟ ਫੈਲੋਸ਼ਿਪ' ਅਤੇ 'ਡਾ. ਐਮ.ਐਸ. ਰੰਧਾਵਾ ਮੈਡਲ' ਪ੍ਰਾਪਤ ਕਰਨ ਵਾਲੇ ਡਾ. ਸਿੰਗਲਾ ਕੋਲ ਅਧਿਆਪਨ, ਖੋਜ, ਪਸਾਰ (extension) ਅਤੇ ਪ੍ਰਸ਼ਾਸਨ ਦੇ ਖੇਤਰ ਵਿੱਚ 26 ਸਾਲਾਂ ਤੋਂ ਵੱਧ ਦਾ ਨਿਰੰਤਰ ਸੇਵਾ ਤਜਰਬਾ ਹੈ।

ਉਨ੍ਹਾਂ ਨੇ ਸਾਲ 2000 ਵਿੱਚ ਪੀ.ਏ.ਯੂ. ਵਿਖੇ ਸਹਾਇਕ ਜੀਵ-ਵਿਗਿਆਨੀ (ਕੁਤਰਨ ਵਾਲੇ ਜਾਨਵਰਾਂ ਦੇ ਮਾਹਰ) ਵਜੋਂ ਸ਼ੁਰੂਆਤ ਕੀਤੀ ਅਤੇ 2015 ਵਿੱਚ ਮੁੱਖ ਜੀਵ-ਵਿਗਿਆਨੀ (Principal Zoologist) ਦੇ ਅਹੁਦੇ ਤੱਕ ਪਹੁੰਚੇ। ਉਹ ਜੀਵ-ਵਿਗਿਆਨ ਵਿਭਾਗ ਦੇ ਮੁਖੀ (2019–2023) ਰਹੇ, 2023 ਵਿੱਚ ਪੀ.ਏ.ਯੂ. ਅਕਾਦਮਿਕ ਕੌਂਸਲ ਦੇ ਮੈਂਬਰ ਰਹੇ, ਅਤੇ 21 ਮਈ, 2025 ਨੂੰ 'ਕਾਲਜ ਆਫ਼ ਬੇਸਿ

ਮੱਘਰ ਦੀ ਸੰਗਰਾਂਦ ਦੀਆਂ ਲੱਖ ਲੱਖ ਵਧਾਈਆਂ ਜੀ

ਸਤਿ ਸ੍ਰੀ ਅਕਾਲ ਜੀ, ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ ਜੀ।



ਅੱਜ ਮੱਘਰ ਦੀ ਸੰਗਰਾਂਦ ਹੈ ਜੀ।
ਮੱਘਰ ਦਾ ਮਹੀਨਾ ਆ ਗਿਆ ਹੈ ਜੀ, ਠੰਡ ਵਧ ਗਈ ਹੈ ਜੀ, ਪਰ ਗੁਰੂ ਦੇ ਪਿਆਰ ਦੀ ਗਰਮੀ ਵੀ ਵਧ ਗਈ ਹੈ ਜੀ।

ਮੱਘਰ ਦੇ ਮਹੀਨੇ ਬਾਰੇ ਗੁਰੂ ਸਾਹਿਬ ਜੀ ਨੇ ਕਿਹਾ ਹੈ ਜੀ –
ਮੱਘਰ ਵਿੱਚ ਜਿਹੜਾ ਮਨੁੱਖ ਗੁਰੂ ਦੇ ਨਾਮ ਨਾਲ ਜੁੜ ਜਾਂਦਾ ਹੈ ਜੀ, ਉਸਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ ਜੀ।

ਮੈਂ ਤਾਂ ਇਹੀ ਅਰਦਾਸ ਕਰਦੀ ਹਾਂ ਜੀ –
ਹੇ ਵਾਹਿਗੁਰੂ ਜੀ, ਇਸ ਮੱਘਰ ਦੇ ਮਹੀਨੇ ਸਾਰਿਆਂ ਦੇ ਘਰਾਂ ਵਿੱਚ ਸੁੱਖ ਸ਼ਾਂਤੀ ਰੱਖੀਂ ਜੀ।
ਜਿਹੜੇ ਬਿਮਾਰ ਨੇ ਜੀ, ਉਨ੍ਹਾਂ ਨੂੰ ਤੰਦਰੁਸਤੀ ਬਖਸ਼ੀਂ ਜੀ।
ਜਿਹੜੇ ਦੁੱਖੀ ਨੇ ਜੀ, ਉਨ੍ਹਾਂ ਦੇ ਦੁੱਖ ਦੂਰ ਕਰੀਂ ਜੀ।
ਜਿਹੜੇ ਵਿਛੜੇ ਹੋਏ ਨੇ ਜੀ, ਉਨ੍ਹਾਂ ਨੂੰ ਮਿਲਾ ਦੇਵੀਂ ਜੀ।

ਵਰਲਡ ਪੰਜਾਬੀ ਟਾਈਮਜ਼ ਸੁਰਜੀਤ ਸਰੰਗ

ਸੰਗਰਾਂਦ ਦਾ ਦਿਨ ਹੈ ਜੀ, ਆਓ ਸਾਰੇ ਮਿਲ ਕੇ ਇੱਕ ਪੂਣ ਕਰੀਏ ਜੀ –
ਇਸ ਮਹੀਨੇ ਘੱਟ ਬੋਲਾਂਗੇ ਜੀ, ਮਿੱਠਾ ਬੋਲਾਂਗੇ ਜੀ, ਕਿਸੇ ਦਾ ਦਿਲ ਨਹੀਂ ਦੁਖਾਵਾਂਗੇ ਜੀ, ਤੇ ਵਾਹਿਗੁਰੂ ਦਾ ਨਾਮ ਹਮੇਸ਼ਾ ਯਾਦ ਰੱਖਾਂਗੇ ਜੀ।

ਸੁਰਜੀਤ ਕਹਿੰਦੀ ਹੈ ਜੀ,
ਮੱਘਰ ਦੀ ਠੰਡ ਤੋਂ ਨਾ ਡਰੋ ਜੀ,
ਬਸ ਗੁਰੂ ਦੇ ਨਾਮ ਦੀ ਚਾਦਰ ਉੱਤੇ ਲਵੋ ਜੀ,
ਫਿਰ ਕੋਈ ਠੰਡ, ਕੋਈ ਦੁੱਖ ਤੁਹਾਨੂੰ ਛੂਹ ਵੀ ਨਹੀਂ ਸਕਦਾ ਜੀ।

ਸਾਰਿਆਂ ਨੂੰ ਮੱਘਰ ਦੀ ਸੰਗਰਾਂਦ ਦੀਆਂ ਬਹੁਤ ਬਹੁਤ ਵਧਾਈਆਂ ਜੀ।
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ਜੀ।

ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਛੇ ਸ਼ਹੀਦ ਸਾਥੀਆਂ ਨੂੰ ਯਾਦ ਕਰਦਿਆਂ

16 ਨਵੰਬਰ 1915 ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਛੇ ਸ਼ਹੀਦ ਸਾਥੀਆਂ ਵਿਸ਼ਨੂੰ ਗਣੇਸ਼ ਪਿੰਗਲੇ, ਭਾਈ ਹਰਨਾਮ ਸਿੰਘ ਸਿਆਲਕੋਟੀ, ਬਾਈ ਜਗਤ ਸਿੰਘ ਸੁਰ ਸਿੰਘ,ਭਾਈ ਸੁਰੈਣ ਸਿੰਘ ਛੋਟਾ, ਭਾਈ ਸੁਰੈਣ ਸਿੰਘ ਵੱਡਾ, ਭਾਈ ਬਖਸ਼ੀਸ਼ ਸਿੰਘ(ਤਿੰਨੇ ਪਿੰਡ ਗਿੱਲਵਾਲੀ ਜ਼ਿਲ੍ਹਾ ਅੰਮ੍ਰਿਤਸਰ ਤੋਂ) ਨੂੰ ਫਾਂਸੀ ਚਾੜ੍ਹਿਆ ਗਿਆ।

ਇਸ ਪਲ ਇੱਕ ਇੰਡੋਨੇਸ਼ੀਅਨ ਕਵੱਤਾ ਚੇਤੇ ਆ ਰਹੀ ਹੈ ਮਹਾਨ ਇੰਡੋਨੇਸ਼ੀਅਨ ਕਵਿਤਾ ਦੇ ਸਿਰਜਕ ਕਵੀ ਚੈਰਿਲ ਅਨਵਰ ਦਾ ਜਨਮ28 ਜੁਲਾਈ 1922 ਨੂੰ ਹੋਇਆ। ਸਿਰਫ਼ 26 ਸਾਲ ਦੀ ਉਮਰ ਹੰਢਾ ਕੇ ਉਹ 28 ਅਪ੍ਰੈਲ 1949 ਨੂੰ ਸਦੀਵੀ ਅਲਵਿਦਾ ਕਹਿ ਗਿਆ ਸਿਰਫ਼ 96 ਕਵਿਤਾਵਾਂ ਲਿਖ ਕੇ।

ਉਸ ਦੀ ਇਹ ਅਮਰ ਕਵਿਤਾ 1967 ਵਿੱਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵੱਲੋਂ ਛਪਦੇ ਮੈਗਜ਼ੀਨ " ਦੇਸ਼ ਭਗਤ ਯਾਦਾਂ" ਵਿੱਚ ਪਹਿਲੀ ਵਾਰ ਅਨੁਵਾਦ ਕਰਕੇ ਸ. ਰਾਜਿੰਦਰ ਸਿੰਘ ਚੀਮਾ ਨੇ ਆਪਣੇ ਕਲਮੀ ਨਾਮ "ਰਾਜ ਕਸ਼ਮੀਰੀ " ਹੇਠ ਪ੍ਰਕਾਸ਼ਿਤ ਕਰਵਾਈ ਸੀ। ਮੈਨੂੰ ਧੁੰਦਲਾ ਜਿਹਾ ਚੇਤੇ ਹੈ ਕਿ ਇਹ ਅੰਕ ਸ਼ਾਇਦ ਅਮਰਜੀਤ ਚੰਦਨ ਜੀ ਨੇ ਸੰਪਾਦਿਤ ਕੀਤਾ ਸੀ।

ਇਸ ਦਾ ਟੁੱਟਵਾਂ ਹਿੱਸਾ ਮੇਰੇ ਕੋਲ ਸੀ। ਮੈਂ ਆਪਣੇ ਵੱਡੇ ਭਾ ਜੀ ਪ੍ਰਿੰਸੀਪਲ ਜਸਵੰਤ ਸਿੰਘ ਗਿੱਲ ਤੇ ਪ੍ਰੋ. ਸੁਖਦੇਤ ਸਿੰਘ ਗਿੱਲ ਪਾਸੋਂ ਇਸ ਦੀ ਟੈਕਸਟ ਮੰਗਵਾ ਕੇ ਇਸ ਦੇ ਪ੍ਰਥਮ ਅਨੁਵਾਦਕ ਭਾ ਜੀ ਸ. ਰਾਜਿੰਦਰ ਸਿੰਘ ਚੀਮਾ (ਸੀਨੀਅਰ ਐਡਵੋਕੇਟ ਸੁਪਰੀਮ ਕੋਰਟ)ਤੋਂ ਤਸਦੀਕ ਕਰਵਾ ਕੇ ਪਾਠਕਾਂ ਸਨਮੁੱਖ ਪੇਸ਼ ਕਰ ਰਿਹਾਂ।
ਇੰਡੋਨੇਸ਼ੀਆ ਦੇ ਆਜ਼ਾਦੀ ਸੰਗਰਾਮੀਆਂ ਦਾ ਇਹ ਸੁਨੇਹਾ ਵਿਸ਼ਵ ਭਰ ਦੇ ਇਨਕਲਾਬੀਆਂ ਵੱਲੋਂ ਅੱਜ ਵੀ ਓਨਾ ਹੀ ਸਾਰਥਕ ਹੈ।
ਜਦ ਮੈਂ ਇਹ ਕਵਿਤਾ ਪਹਿਲੀ ਵਾਰ ਪੜ੍ਹੀ ਸੀ ਉਦੋਂ ਮੈਂ ਨੌਵੀਂ ਜਮਾਤ ਵਿੱਚ ਚੜ੍ਹਿਆ ਹੀ ਸਾਂ। ਹੁਣ ਮੈਨੂੰ ਸੇਵਾ ਮੁਕਤ ਹੋਇਆਂ ਨੂੰ 13 ਸਾਲ ਹੋ ਗਏ ਨੇ। ਜੇ ਇਹ ਕਵਿਤਾ ਏਨੇ ਸਾਲ ਮੇਰੇ ਨਾਲ ਨਾਲ ਜਾਂ ਮੈਂ ਇਸ ਦੇ ਅੰਗ ਸੰਗ ਤੁਰਿਆ ਹਾਂ ਤਾਂ ਇਹ ਕਵਿਤਾ ਦੀ ਹੀ ਤਾਕਤ ਹੈ।
ਤੁਸੀਂ ਵੀ ਇਹ ਇੰਡੋਨੇਸ਼ੀਅਨ ਕਵਿਤਾ ਪੜ੍ਹੋ।



ਸ਼ਹੀਦਾਂ ਦੀ ਰੂਹ ਦੇ ਬੋਲ

ਮੂਲ ਲੇਖਕਃ ਚੈਰਿਲ ਅਨਵਰ
ਪੰਜਾਬੀ ਰੂਪਃ ਰਾਜ ਕਸ਼ਮੀਰੀ

ਮੰਨਿਆ ਕੁਝ ਵੀ ਨਹੀਂ ਬਾਕੀ ਰਿਹਾ,
ਸਾਡੀਆਂ ਨਿਰਜਿੰਦ ਹੱਡੀਆਂ ਦੇ ਸਿਵਾ।

ਫੇਰ ਵੀ ਸਾਡੀ ਤੁਹਾਡੀ ਸਾਂਝ ਹੈ,
ਮੈਂਤ ਪਿੱਛੋਂ ਵੀ ਤੁਹਾਡੇ ਹਾਂ ਅਸੀਂ।

ਤੁਸਾਂ ਸਾਡੀ ਮੌਤ ਦਾ ਮੁੱਲ ਪਾਵਣੈਂ,
ਤੇ ਤੁਸੀਂ ਕਰਨੈਂ ਹੁਣ ਇਹ ਫ਼ੈਸਲਾ।

ਕਿਸ ਲਈ ਸਨ ਅਸਾਂ ਜਾਨਾਂ ਵਾਰੀਆਂ?
ਕਿਉਂ ਅਸਾਂ ਜੀਵਨ ਨੂੰ ਆਖੀ ਅਲਵਿਦਾ?

ਜਿੱਤ ਲਈ, ਜੀਵਨ ਜਾਂ ਆਜ਼ਾਦੀ ਲਈ,
ਜਾਂ ਅਸੀਂ ਐਵੇਂ ਮਰੇ ਸਾਂ ਬੇਵਜ੍ਹਾ।

ਸਮੇਂ ਦੇ ਹੋਠਾਂ ਦੀ ਫਰਕਣ ਹੇ ਤੁਸੀਂ,
ਅਸੀਂ ਤਾਂ ਨਿਰਸ਼ਬਦ ਬੇ-ਆਵਾਜ਼ ਹਾਂ।

ਫੇਰ ਵੀ ਕਾਲ਼ੀ ਤੇ ਬੋਲ਼ੀ ਰਾਤ ਨੂੰ,
ਵਕਤ ਹੁੰਦਾ ਏ ਜਦੋਂ ਗ਼ੁੰਮ-ਸੁੰਮ ਜਿਹਾ।

ਘੜੀ ਦੀ ਟਿਕ ਟਿਕ ਜਦੋਂ ਹੈ ਗੁੰਜਦੀ,
ਅਸੀਂ ਇਹ ਪੈਗਾਮ ਦੇਂਦੇ ਹਾਂ ਸਦਾ।

ਵਰਲਡ ਪੰਜਾਬੀ ਟਾਈਮਜ਼ ਗੁਰਦਸਨ ਗਿੱਲ

ਯਾਦ ਸਾਡੀ ਨੂੰ ਤੁਸਾਂ ਹੀ ਸਾਂਭਣੈਂ,
ਤੇ ਸਦਾ ਇਸ ਰੂਹ ਨੂੰ ਜਿਉਂਦੇ ਰੱਖਣੈਂ।

ਮੇਜਰ ਅਜਾਇਬ ਸਿੰਘ ਸਕੂਲ ਵਿਖੇ 'ਆਨੰਦਮਈ ਗਣਿਤ' ਵਿਸ਼ੇ 'ਤੇ ਦੋ ਰੋਜ਼ਾ ਸਮਰੱਥਾ ਨਿਰਮਾਣ ਪ੍ਰੋਗਰਾਮ ਕਰਵਾਇਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਫਰੀਦਕੋਟ, 16 ਨਵੰਬਰ : ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ, ਜਿਉਣਵਾਲਾ ਵਿਖੇ ਸੀ.ਬੀ.ਐੱਸ.ਈ. ਦੇ ਸਹਿਯੋਗ ਨਾਲ 14 ਅਤੇ 15 ਨਵੰਬਰ ਨੂੰ 'ਆਨੰਦਮਈ ਗਣਿਤ' ਵਿਸ਼ੇ 'ਤੇ ਦੋ ਰੋਜ਼ਾ ਸਮਰੱਥਾ ਨਿਰਮਾਣ ਪ੍ਰੋਗਰਾਮ ਸਫਲਤਾਪੂਰਵਕ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਉੱਘੇ ਸਿੱਖਿਆ ਮਾਹਿਰ ਅਤੇ ਅੰਤਰਰਾਸ਼ਟਰੀ ਟਰੇਨਰ, ਮੁਨੀਸ਼ ਚੋਪੜਾ (ਪ੍ਰਿੰਸੀਪਲ ਭਾਈ ਮਸਤਾਨ ਸਿੰਘ ਪਬਲਿਕ ਸਕੂਲ, ਮੁਕਤਸਰ ਨੇ ਆਪਣੇ ਵਿਸ਼ਾਲ ਤਜਰਬੇ ਅਤੇ ਵਿਸ਼ਾ-ਮੁਹਾਰਤ ਸਦਕਾ ਅਧਿਆਪਕਾਂ ਨੂੰ ਗਣਿਤ ਦੇ ਅਧਿਆਪਨ ਦੀਆਂ ਨਵੀਨਤਮ, ਵਿਦਿਆਰਥੀ-ਕੇਂਦਰਿਤ ਅਤੇ ਗਤੀਵਿਧੀ-ਆਧਾਰਿਤ ਵਿਧੀਆਂ ਤੋਂ ਜਾਣੂ ਕਰਵਾਇਆ। ਉਨ੍ਹਾਂ ਨੇ ਗਣਿਤ ਨੂੰ ਵਿਹਾਰਕ ਜੀਵਨ ਨਾਲ ਜੋੜ ਕੇ ਸਰਲ, ਰੌਚਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੜ੍ਹਾਉਣ ਲਈ ਪ੍ਰੇਰਿਤ ਕੀਤਾ। ਡਾ. ਹਰਪ੍ਰੀਤ ਕੌਰ (ਪ੍ਰਿੰਸੀਪਲ, ਗ੍ਰੀਨ ਵੈਲੀ ਪਬਲਿਕ ਸਕੂਲ, ਮਾਛੀਵਾੜਾ) ਨੇ ਆਪਣੀ ਪ੍ਰਭਾਵਸ਼ਾਲੀ ਪੇਸ਼ਕਾਰੀ ਅਤੇ ਵਿਲੱਖਣ ਸਿਖਲਾਈ ਸ਼ੈਲੀ ਰਾਹੀਂ ਸੈਸ਼ਨ ਨੂੰ ਬੇਹੱਦ ਰੌਚਕ ਤੇ ਗਿਆਨਵਰਧਕ ਬਣਾਇਆ। ਉਨ੍ਹਾਂ ਨੇ ਰਚਨਾਤਮਕ ਗਤੀਵਿਧੀਆਂ ਅਤੇ ਵਿਹਾਰਕ ਉਦਾਹਰਨਾਂ ਰਾਹੀਂ ਗਣਿਤ ਨੂੰ ਡਰ-ਮੁਕਤ, ਸਰਲ ਅਤੇ ਆਨੰਦਮਈ ਬਣਾਉਣ ਦੀਆਂ ਨਵੀਨਤਮ ਤਕਨੀਕਾਂ ਸਾਂਝੀਆਂ ਕੀਤੀਆਂ। ਉਨ੍ਹਾਂ ਦੀ ਪ੍ਰਭਾਵਸ਼ਾਲੀ ਅਗਵਾਈ ਨੇ ਅਧਿਆਪਕਾਂ ਨੂੰ ਵਿਸ਼ੇ ਦੀ ਅਧਿਆਪਨ-ਪ੍ਰਕਿਰਿਆ ਵਿੱਚ ਨਵੀਂ ਦ੍ਰਿਸ਼ਟੀ ਅਪਣਾਉਣ ਲਈ ਪ੍ਰੇਰਿਤ ਕੀਤਾ।
ਦੋਵਾਂ ਸਿਖਲਾਈ ਮਾਹਿਰਾਂ ਨੇ ਭਾਗ ਲੈਣ ਵਾਲੇ ਅਧਿਆਪਕਾਂ ਦੇ ਉਤਸ਼ਾਹ ਦੀ ਭਰਪੂਰ ਸ਼ਲਾਘਾ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਪੇਂਡੂ ਖੇਤਰ ਵਿੱਚ ਆਧੁਨਿਕ ਤਕਨਾਲੋਜੀ, ਵਿਲੱਖਣ ਬੁਨਿਆਦੀ ਢਾਂਚੇ ਅਤੇ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਅਜਿਹੀ ਮਿਆਰੀ ਸੰਸਥਾ ਦੀ ਸਥਾਪਨਾ ਕਰਨ ਲਈ ਡਾ. ਐੱਸ. ਐੱਸ. ਬਰਾੜ ਦੀ ਦੂਰਅੰਦੇਸ਼ੀ ਸੋਚ ਅਤੇ ਸਿੱਖਿਆ ਪ੍ਰਤੀ ਸਮਰਪਣ ਦੀ ਵਿਸ਼ੇਸ਼ ਪ੍ਰਸ਼ੰਸਾ ਕੀਤੀ। ਇਸ ਮੌਕੇ ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ ਦੇ ਸੰਸਥਾਪਕ, ਪ੍ਰਿੰਸੀਪਲ ਅਤੇ ਡਾਇਰੈਕਟਰ ਡਾ. ਐੱਸ. ਐੱਸ. ਬਰਾੜ ('ਵਿਕਸਿਤ ਭਾਰਤ 2047' ਦੇ ਪ੍ਰਮੁੱਖ ਯੋਗਦਾਨੀ) ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਅਧਿਆਪਕਾਂ ਦਾ ਨਿਰੰਤਰ ਪੇਸ਼ੇਵਰ ਵਿਕਾਸ ਅਤੇ ਨਵੀਨਤਮ ਅਧਿਆਪਨ ਤਕਨੀਕਾਂ ਨੂੰ ਅਪਣਾਉਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਵਿਦਿਆਰਥੀਆਂ ਵਿੱਚ ਉਤਸੁਕਤਾ, ਸਿਰਜਣਾਤਮਕਤਾ ਅਤੇ ਤਰਕਸ਼ੀਲ ਸੋਚ ਵਿਕਸਿਤ ਕਰਦਿਆਂ ਗਣਿਤ ਨੂੰ ਡਰ ਦੀ ਬਜਾਏ ਆਨੰਦ ਅਤੇ ਖੋਜ ਦਾ ਵਿਸ਼ਾ ਬਣਾਉਣ। ਉਨ੍ਹਾਂ ਨੇ ਦੋਵਾਂ ਸਰੋਤ ਵਿਅਕਤੀਆਂ ਦਾ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਲਈ ਧੰਨਵਾਦ ਵੀ ਕੀਤਾ।



ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਆਦਰਸ਼ ਅਤੇ ਸ਼ਹਾਦਤ ਸਾਨੂੰ ਦੇਸ਼ ਸੇਵਾ ਲਈ ਪ੍ਰੇਰਿਤ ਕਰਦੇ ਹਨ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

ਸਾਡੀ ਸਰਕਾਰ ਸ਼ਹੀਦਾਂ ਦੇ ਸਨਮਾਨ ਅਤੇ ਉਨ੍ਹਾਂ ਦੇ ਸੁਪਨਿਆਂ ਦਾ ਪੰਜਾਬ ਸਿਰਜਣ ਲਈ ਵਚਨਬੱਧ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

ਪੰਜਾਬ ਨੂੰ ਨਸ਼ਿਆਂ, ਬੇਰੁਜ਼ਗਾਰੀ ਅਤੇ ਬੇਇਨਸਾਫੀ ਤੋਂ ਮੁਕਤ ਕਰਵਾਉਣਾ ਹੀ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

ਸਰਕਾਰ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਉਹਨਾਂ ਦੇ ਸ਼ਹੀਦੀ ਦਿਹਾੜੇ 'ਤੇ ਛੁੱਟੀ ਦਾ ਐਲਾਨ ਕਰਕੇ ਸਰਧਾਂਜਲੀ ਭੇਟ ਕੀਤੀ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

ਜੇ ਅਸੀਂ ਆਪਣੇ ਸ਼ਹੀਦਾਂ ਵੱਲੋਂ ਦਿਖਾਏ ਰਾਹ 'ਤੇ ਥੋੜ੍ਹਾ ਜਿਹਾ ਵੀ ਚੱਲੀਏ, ਤਾਂ ਸਾਡੀ ਕੌਮ ਅਤੇ ਸਾਡਾ ਜੀਵਨ ਦੋਵਾਂ ਵਿੱਚ ਸੁਧਾਰ ਆਵੇਗਾ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਦੇ ਜੱਦੀ ਪਿੰਡ ਪਹੁੰਚ ਕੇ ਸ਼ਰਧਾਂਜਲੀ ਭੇਟ ਕੀਤੀ

ਵਰਲਡ ਪੰਜਾਬੀ ਟਾਈਮਜ਼ ਸਰਾਭਾ (ਲੁਧਿਆਣਾ), 16 ਨਵੰਬਰ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 111ਵੇਂ 'ਸ਼ਹੀਦੀ ਦਿਵਸ' ਮੌਕੇ ਉਨ੍ਹਾਂ ਦੇ ਜੱਦੀ ਪਿੰਡ ਵਿਖੇ ਪਹੁੰਚ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਫਾਂਸੀ ਦੇ ਰੱਸੇ ਨੂੰ ਚੁੰਮਣ ਵਾਲੇ ਇਸ 19 ਸਾਲਾ ਇਨਕਲਾਬੀ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਨਿਆਂ, ਬਰਾਬਰੀ , ਮਾਨਵਤਾ ਅਤੇ ਤਰੱਕੀ 'ਤੇ ਆਧਾਰਿਤ ਸਮਾਜ ਦੀ ਸਿਰਜਣਾ ਕਰੀਏ। ਸ਼ਹੀਦਾਂ ਦੇ ਸਤਿਕਾਰ ਅਤੇ ਨਵੀਂ ਪੀੜ੍ਹੀ ਨੂੰ ਪੰਜਾਬ ਦੀ ਸ਼ਾਨਦਾਰ ਵਿਰਾਸਤ ਨਾਲ ਜੋੜਨ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਇੱਕ ਅਜਿਹਾ ਅਗਾਂਹਵਧੂ ਪੰਜਾਬ ਸਿਰਜਣ ਲਈ ਕੰਮ ਕਰ ਰਹੀ ਹੈ, ਜਿਸ ਦਾ ਸੁਪਨਾ ਸ਼ਹੀਦਾਂ ਨੇ ਦੇਖਿਆ ਸੀ।



ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਿੰਡ ਨੂੰ ਇੱਕ ਨਵਾਂ 'ਆਮ ਆਦਮੀ ਕਲੀਨਿਕ' ਸਮਰਪਿਤ ਕੀਤਾ ਅਤੇ ਪਿੰਡ ਦੇ ਸਪੋਰਟਸ ਕਲੱਬ ਨੂੰ 51 ਲੱਖ ਰੁਪਏ ਦੀ ਗ੍ਰਾਂਟ ਸੌਂਪੀ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਰਲ-ਮਿਲ ਕੇ ਸ਼ਹੀਦਾਂ ਦੇ ਸੁਪਨਿਆਂ ਦਾ 'ਰੰਗਲਾ ਪੰਜਾਬ' ਸਿਰਜਣ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਮਹਿਜ਼ 19 ਸਾਲ ਦੀ ਉਮਰ ਵਿੱਚ ਫਾਂਸੀ ਦਾ ਰੱਸਾ ਚੁੰਮ ਲਿਆ ਸੀ, ਜਿਸ ਤੋਂ ਸਾਬਤ ਹੁੰਦਾ ਹੈ ਕਿ ਹਿੰਮਤ, ਦ੍ਰਿੜ੍ਹ ਇਰਾਦੇ ਅਤੇ ਮਾਤ-ਭੂਮੀ ਲਈ ਪਿਆਰ ਦੀ ਕੋਈ ਉਮਰ ਨਹੀਂ ਹੁੰਦੀ। ਜਿਸ ਉਮਰ ਵਿੱਚ ਅੱਜ ਦੇ ਨੌਜਵਾਨ ਆਪਣੇ ਭਵਿੱਖ ਦੀ ਯੋਜਨਾ ਬਣਾ ਰਹੇ ਹੁੰਦੇ ਹਨ, ਉਸ ਉਮਰ ਵਿੱਚ ਇਹ ਮਹਾਨ ਇਨਕਲਾਬੀ ਦੇਸ਼ ਦੀ ਆਜ਼ਾਦੀ ਦੀ ਯੋਜਨਾ ਬਣਾ ਰਹੇ ਸਨ। ਉਨ੍ਹਾਂ ਨੇ ਸਾਡੀ ਆਜ਼ਾਦੀ ਲਈ ਆਪਣੀ ਜਵਾਨੀ, ਆਪਣੇ ਸੁਪਨੇ ਅਤੇ ਅੰਤ ਵਿੱਚ ਆਪਣੀ ਜਾਨ ਕੁਰਬਾਨ ਕਰ ਦਿੱਤੀ। ਅਸੀਂ ਅਜਿਹੇ ਸ਼ਹੀਦਾਂ ਦਾ ਕਰਜ਼ ਕਦੇ ਨਹੀਂ ਉਤਾਰ ਸਕਦੇ, ਪਰ ਪੰਜਾਬ ਅਤੇ ਦੇਸ਼ ਦੀ ਤਰੱਕੀ ਲਈ ਖੁਦ ਨੂੰ ਸਮਰਪਿਤ ਕਰਕੇ ਅਸੀਂ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਜ਼ਰੂਰ ਭੇਟ ਸਕਦੇ ਹਾਂ।"



ਮੁੱਖ ਮੰਤਰੀ ਨੇ ਕਿਹਾ, "ਸ਼ਹੀਦੀ ਦਿਹਾੜਾ ਸਿਰਫ਼ ਰਸਮੀ ਸਮਾਗਮ ਨਹੀਂ ਹੁੰਦੇ, ਸਗੋਂ ਇਹ ਉਨ੍ਹਾਂ ਜ਼ਿੰਮੇਵਾਰੀਆਂ ਦੀ ਯਾਦ ਦਿਵਾਉਂਦੇ ਹਨ ਜੋ ਹਰ ਪੀੜ੍ਹੀ ਲਈ ਦੇਸ਼ ਪ੍ਰਤੀ ਬਣਦੀਆਂ ਹਨ। ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਮਹਾਨ ਕੁਰਬਾਨੀ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾ ਪ੍ਰੇਰਨਾ ਦਾ ਸਦੀਵੀ ਸਰੋਤ ਬਣੀ ਰਹੇਗੀ। ਉਨ੍ਹਾਂ ਨੂੰ ਅਸਲ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਨਿਆ